

BERR | Department for Business Enterprise & Regulatory Reform

# ਕੌਮੀ ਘੱਟੋ ਘੱਟ ਉਜਰਤ – ਵਰਕਰਾਂ ਲਈ ਗਾਈਡ

***ਯੂ.ਕੇ. ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਵਾਲਾ ਲਗਭਗ ਹਰ ਵਿਅਕਤੀ ਪ੍ਰਤਿ ਘੰਟਾ ਇੱਕ ਘਟੋ ਘੱਟ ਪੱਧਰ ਦੀ ਉਜਰਤ ਦਾ ਹੱਕਦਾਰ ਹੈ। ਇਸ ਨੂੰ ਕੌਮੀ ਘੱਟੋ ਘੱਟ ਉਜਰਤ ਕਿਹਾ ਜਾਂਦਾ ਹੈ। ਤੁਹਾਨੂੰ ਘੱਟੋ ਘੱਟ ਉਜਰਤ ਤੋਂ ਵੱਧ ਉਜਰਤ ਦਿੱਤੀ ਜਾ ਸਕਦੀ ਹੈ, ਪਰ ਉਸ ਤੋਂ ਘੱਟ ਨਹੀਂ।***

ਉਜਰਤ ਦੀ ਰਕਮ ਕਾਨੂੰਨ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਇਸ ਵਿੱਚ ਹਰ ਸਾਲ 1 ਅਕਤੂਬਰ ਨੂੰ ਵਾਧਾ ਕੀਤਾ ਜਾਂਦਾ ਹੈ।

## 1 ਅਕਤੂਬਰ 2007 ਤੋਂ ਇਹ ਦਰਾਂ ਹਨ

| | |
|---|---|
| 22 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਰਕਰ | £5.52 |
| 18-21 ਸਾਲ ਦੇ ਵਰਕਰ | £4.60 |
| 16-17 ਸਾਲ ਦੇ ਵਰਕਰ | £3.40 |

ਆਮ ਕਰਕੇ ਜੇ ਤੁਹਾਨੂੰ ਯੂ.ਕੇ. ਵਿੱਚ ਕੰਮ ਕਰਨ ਦੀ ਕਾਨੂੰਨੀ ਤੌਰ 'ਤੇ ਆਗਿਆ ਪ੍ਰਾਪਤ ਹੈ, ਤਾਂ ਰੋਜ਼ਗਾਰ ਪ੍ਰਦਾਤਾ ਲਈ ਇਹ ਜ਼ਰੂਰੀ ਹੈ ਕਿ ਉਹ ਤੁਹਾਨੂੰ ਉਚਿਤ ਘੱਟੋ ਘੱਟ ਉਜਰਤ ਦੇਵੇ। ਇਨ੍ਹਾਂ ਵਿੱਚ ਸ਼ਾਮਲ ਹਨ, ਘਰ ਵਿੱਚ ਕੰਮ ਕਰਨ ਵਾਲੇ, ਏਜੰਸੀ ਵਰਕਰ, ਪਾਰਟ ਟਾਈਮ ਵਰਕਰ, ਕੈਜ਼ੂਅਲ ਵਰਕਰ, ਨਗਾਂ ਦੇ ਹਿਸਾਬ ਨਾਲ ਕੰਮ ਕਰਨ ਵਾਲੇ ਵਰਕਰ ਅਤੇ ਵਿਦੇਸ਼ੀ ਵਰਕਰ। ਇਸ ਗੱਲ ਦਾ ਕੋਈ ਮਹੱਤਵ ਨਹੀਂ ਕਿ ਤੁਹਾਨੂੰ ਕਿੰਨਾਂ ਤਜਰਬਾ ਹਾਸਲ ਹੈ।



ਕੁਝ ਥੋੜ੍ਹੇ ਜਿਹੇ ਵਰਕਰ ਅਜਿਹੇ ਹਨ, ਜੋ ਘੱਟੋ ਘੱਟ ਉਜਰਤ ਦੇ ਹੱਕਦਾਰ ਨਹੀਂ। ਇਨ੍ਹਾਂ ਦੇ ਵੇਰਵੇ ਸਫ਼ਾ 3 'ਤੇ ਦਿੱਤੇ ਗਏ ਹਨ।



## ਉਹ ਵਿਅਕਤੀ ਜਿਨ੍ਹਾਂ ਦੇ ਰੋਜ਼ਗਾਰ ਪ੍ਰਦਾਤਿਆਂ ਲਈ ਉਨ੍ਹਾਂ ਨੂੰ ਘੱਟੋ ਘੱਟ ਉਜਰਤ ਦੇਣਾ ਜ਼ਰੂਰੀ ਨਹੀਂ

ਕੁਝ ਵਰਕਰ ਘੱਟੋ ਘੱਟ ਉਜਰਤ ਲਈ ਕੁਆਲੀਫ਼ਾਈ ਨਹੀਂ ਕਰਦੇ, ਜਾਂ ਇਹ ਨਿਰਧਾਰਤ ਸਮੇਂ ਤੋਂ ਬਾਅਦ ਕੁਆਲੀਫ਼ਾਈ ਕਰਦੇ ਹਨ। ਇਹ ਤੁਹਾਡੇ ’ਤੇ ਲਾਗੂ ਹੋ ਸਕਦਾ ਹੈ, ਜੇਕਰ ਤੁਸੀਂ :

- 19 ਸਾਲ ਤੋਂ ਘੱਟ ਉਮਰ ਦੇ ਅਪ੍ਰੈਂਟਿਸ ਹੋ
- 19 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਅਪ੍ਰੈਂਟਿਸ ਹੋ ਅਤੇ ਅਪ੍ਰੈਂਟਿਸਸ਼ਿਪ ਦੇ ਪਹਿਲੇ ਵਰ੍ਹੇ ਵਿੱਚ ਹੋ
- ਅਜਿਹੀ ਪਲੇਸਮੈਂਟ ’ਤੇ ਕੰਮ ਕਰ ਰਹੇ ਇੱਕ ਵਿਦਿਆਰਥੀ ਹੋ, ਜੋ ਯੂ.ਕੇ. ਦੇ ਉਚੇਰੇ ਜਾਂ ਅਗੋਂ ਪੜ੍ਹਾਈ ਦੇ ਕੋਰਸ ਦਾ ਹਿੱਸਾ ਹੈ, ਜੇਕਰ ਇਹ ਪਲੇਸਮੈਂਟ ਇੱਕ ਸਾਲ ਤੋਂ ਘੱਟ ਸਮੇਂ ਲਈ ਹੈ
- ਯੋਰਪੀਅਨ ਯੂਨੀਅਨ ਦੇ ਲੀਓਨਾਰਡੋ ਦਾ ਵਿੰਚੀ (Leonardo da Vinci) ਜਾਂ ਯੂਥ ਇਨ ਐਕਸ਼ਨ (Youth in Action) ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਹੋ।

ਤੁਹਾਡੇ ਘੱਟੋ ਘੱਟ ਉਜਰਤ ਦੇ ਹੱਕਦਾਰ ਨਾ ਹੋਣ ਦੇ ਹੋਰ ਵੀ ਕਾਰਨ ਹੋ ਸਕਦੇ ਹਨ। ਜੇਕਰ ਤੁਹਾਨੂੰ ਪੱਕਾ ਪਤਾ ਨਹੀਂ, ਤਾਂ ਕੌਮੀ ਘੱਟੋ ਘੱਟ ਉਜਰਤ ਹੈਲਪਲਾਈਨ ਨਾਲ **0845 6000 678** ’ਤੇ ਸੰਪਰਕ ਕਰੋ।

## ਮੈਂ ਇਹ ਕਿਵੇਂ ਚੈੱਕ ਕਰਾਂ ਕਿ ਮੈਨੂੰ ਘੱਟੋ ਘੱਟ ਉਜਰਤ ਮਿਲ ਰਹੀ ਹੈ ?



ਹੋ ਸਕਦਾ ਹੈ ਕਿ ਕੁਝ ਹਾਲਤਾਂ ਵਿੱਚ ਇਹ ਸਪੱਸ਼ਟ ਨਾ ਹੋਵੇ ਕਿ ਕੀ ਤੁਹਾਨੂੰ ਘੱਟੋ ਘੱਟ ਉਜਰਤ ਮਿਲ ਰਹੀ ਹੈ, ਮਿਸਾਲ ਵਜੋਂ ਜੇ ਤੁਹਾਨੂੰ ਸਪੱਸ਼ਟ ਰੂਪ ਵਿੱਚ ਪ੍ਰਤੀ ਘੰਟਾ ਇੱਕ ਮੰਨੀ ਗਈ ਰਕਮ ਨਹੀਂ ਦਿੱਤੀ ਜਾਂਦੀ। ਇਹ ਚੈੱਕ ਕਰਨ ਵਾਸਤੇ ਤੁਸੀਂ ਇੱਕ ਖ਼ਾਸ ਸਮੇਂ (ਜਿਸ ਨੂੰ ਪੇਅ ਰੈਫ਼ਰੈਂਸ ਪੀਰੀਅਡ ਕਿਹਾ ਜਾਂਦਾ ਹੈ) ਲਈ ਮਿਲੀ ਤਨਖ਼ਾਹ ਨੂੰ, ਜਿੰਨੇ ਘੰਟੇ ਤੁਸੀਂ ਕੰਮ ਕੀਤਾ ਹੈ, ਉਨੇ ਘੰਟਿਆਂ ਨਾਲ ਤਕਸੀਮ ਕਰਕੇ ਦੇਖ ਸਕਦੇ ਹੋ। ਕੌਮੀ ਘੱਟੋ ਘੱਟ ਉਜਰਤ ਹੈਲਪਲਾਈਨ ਇਹ ਹਿਸਾਬ ਲਾਉਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ ਕਿ ਕੀ ਤੁਹਾਨੂੰ ਘੱਟੋ ਘੱਟ



ਉਜਰਤ ਦਿੱਤੀ ਜਾ ਰਹੀ ਹੈ, ਜਾਂ ਤੁਸੀਂ **www.direct.gov.uk/nmw** ’ਤੇ ਚੈੱਕ ਕਰ ਸਕਦੇ ਹੋ।

ਇਹ ਪਤਾ ਲਾਉਣ ਲਈ ਕਿ ਕੀ ਤੁਹਾਨੂੰ ਘੱਟੋ ਘੱਟ ਉਜਰਤ ਮਿਲ ਰਹੀ ਹੈ, ਤੁਹਾਡੀ ਕੇਵਲ ਬੇਸਿਕ ਤਨਖ਼ਾਹ ਗਿਣੀ ਜਾਂਦੀ ਹੈ। ਤੁਹਾਨੂੰ ਓਵਰਟਾਈਮ, ਬੋਨਸ ਜਾਂ ਸ਼ਿਫ਼ਟ ਵਿੱਚ ਕੰਮ ਕਰਨ ਲਈ ਜੋ ਰਕਮ ਮਿਲਦੀ ਹੈ, ਉਸਨੂੰ ਧਿਆਨ ਵਿੱਚ ਨਹੀਂ ਲਿਆ ਜਾਂਦਾ।



ਕੁਝ ਹਾਲਤਾਂ ਵਿੱਚ ਵਿਅਕਤੀਆਂ ਨੂੰ, ਉਹ ਜਿੰਨਾ ਕੰਮ ਕਰਨ ਉਸਦੇ ਹਿਸਾਬ ਜਾਂ ਉਨ੍ਹਾਂ ਨੂੰ ਦਿੱਤੇ ਗਏ ਨਿਸਚਤ ਕਾਰਜਾਂ ਦੇ ਹਿਸਾਬ ਨਾਲ ਉਜਰਤ ਦਿੱਤੀ ਜਾਂਦੀ ਹੈ, ਅਤੇ ਇਸ ਆਧਾਰ ’ਤੇ ਨਹੀਂ ਕਿ ਉਨ੍ਹਾਂ ਨੇ ਕਿੰਨੇ ਘੰਟੇ ਕੰਮ ਕੀਤਾ। ਕਾਨੂੰਨ ਦੇ ਤਹਿਤ, ਤੁਹਾਡੇ ਰੋਜ਼ਗਾਰ ਪ੍ਰਦਾਤਾ ਲਈ ਇਹ ਜ਼ਰੂਰੀ ਹੈ ਕਿ ਉਹ ਇੱਕ ਨਿਸਚਤ ਦਰ ’ਤੇ ਤੁਹਾਨੂੰ ਉਜਰਤ ਦੇਵੇ, ਜੇ ਇਹ ਤੁਹਾਡੇ ’ਤੇ ਲਾਗੂ ਹੁੰਦਾ ਹੈ।

ਹੋਰ ਜਾਣਕਾਰੀ ਲਈ ਅਤੇ ਇਹ ਪਤਾ ਲਾਉਣ ਲਈ ਕਿ ਕੀ ਤੁਹਾਨੂੰ ਘੱਟੋ ਘੱਟ ਉਜਰਤ ਦਿੱਤੀ ਜਾ ਰਹੀ ਹੈ, ਕੌਮੀ ਘੱਟੋ ਘੱਟ ਉਜਰਤ ਹੈਲਪਲਾਈਨ ਨੂੰ **0845 6000 678** ’ਤੇ ਫ਼ੋਨ ਕਰੋ ਜਾਂ ਇਹ ਵੈੱਬਸਾਈਟ ਦੇਖੋ **www.direct.gov.uk/nmw**

## ਤਨਖ਼ਾਹ ’ਚੋਂ ਕਟੌਤੀਆਂ

ਕੁਝ ਹਾਲਤਾਂ ਵਿੱਚ ਤੁਹਾਡਾ ਰੋਜ਼ਗਾਰ ਪ੍ਰਦਾਤਾ ਯੂਨੀਫ਼ਾਰਮ, ਟਰਾਂਸਪੋਰਟ ਜਾਂ ਏਜੰਸੀ ਫ਼ੀਸ ਆਦਿਕ ਅਦਾ ਕਰਨ ਵਾਸਤੇ ਤੁਹਾਡੀ ਤਨਖ਼ਾਹ ’ਚੋਂ ਕਟੌਤੀ ਕਰ ਸਕਦਾ ਹੈ। ਜੇ ਤੁਹਾਡਾ ਰੋਜ਼ਗਾਰ ਪ੍ਰਦਾਤਾ ਅਜਿਹੀਆਂ ਚੀਜ਼ਾਂ ਲਈ ਕਟੌਤੀ ਕਰਦਾ ਹੈ ਤਾਂ ਉਸਤੋਂ ਬਾਅਦ ਵੀ ਤੁਹਾਡੀ ਤਨਖ਼ਾਹ ਘੱਟੋ ਘੱਟ ਉਜਰਤ ਜਿੰਨੀ ਹੋਣੀ ਚਾਹੀਦੀ ਹੈ।

ਸਿਰਫ਼ ਇੱਕ ਹਾਲਤ ਵਿੱਚ ਰੋਜ਼ਗਾਰ ਪ੍ਰਦਾਤਾ ਤੁਹਾਡੀ ਉਜਰਤ ਵਿੱਚੋਂ ਅਜਿਹੀ ਕਟੌਤੀ ਕਰ ਸਕਦਾ ਹੈ, ਜਿਸ ਦੇ ਨਤੀਜੇ ਵਜੋਂ ਉਜਰਤ ਘੱਟੋ ਘੱਟ ਪੱਧਰ ਤੋਂ ਹੇਠਾਂ ਜਾ ਸਕਦੀ ਹੈ, ਤੇ ਇਹ ਉਦੋਂ ਜਦੋਂ ਰੋਜ਼ਗਾਰ ਪ੍ਰਦਾਤਾ ਤੁਹਾਡੇ ਰਹਿਣ ਲਈ ਥਾਂ ਦਾ ਪ੍ਰਬੰਧ ਕਰਦਾ ਹੈ। ਅਜਿਹੀ ਹਾਲਤ ਵਿੱਚ ਤੁਹਾਡਾ ਰੋਜ਼ਗਾਰ ਪ੍ਰਦਾਤਾ ਰਿਹਾਇਸ਼ ਦੇ ਸਥਾਨ ਲਈ ਅਦਾਇਗੀ ਵਾਸਤੇ ਤੁਹਾਡੀ





ਉਜਰਤ ਵਿੱਚੋਂ ਵੱਧ ਤੋਂ ਵੱਧ £4.30 ਪ੍ਰਤਿ ਦਿਨ ਜਾਂ £30.10 ਪ੍ਰਤਿ ਹਫ਼ਤਾ ਕੱਟ ਸਕਦਾ ਹੈ।

ਰਿਹਾਇਸ਼ੀ ਸਥਾਨ ਦੇ ਚਾਰਜਾਂ ਜਾਂ ਹੋਰ ਕਟੌਤੀਆਂ ਬਾਰੇ ਵਧੀਕ ਜਾਣਕਾਰੀ ਲਈ ਕੌਮੀ ਘੱਟੋ-ਘੱਟ ਉਜਰਤ ਹੈਲਪਲਾਈਨ ਨੂੰ **0845 6000 678** 'ਤੇ ਫ਼ੋਨ ਕਰੋ ਜਾਂ **www.direct.gov.uk/nmw** 'ਤੇ ਦੇਖੋ।



## ਜੇ ਮੈਂ ਸਮਝਦਾ ਹਾਂ ਕਿ ਮੈਨੂੰ ਠੀਕ ਤਨਖ਼ਾਹ ਨਹੀਂ ਮਿਲ ਰਹੀ, ਤਾਂ ਕੀ ਕਰਨਾ ਚਾਹੀਦਾ ਹੈ ?

ਜੇ ਤੁਹਾਡਾ ਖ਼ਿਆਲ ਹੈ ਕਿ ਤੁਹਾਨੂੰ ਘੱਟੋ ਘੱਟ ਉਜਰਤ ਨਹੀਂ ਦਿੱਤੀ ਜਾ ਰਹੀ, ਤਾਂ ਤੁਹਾਨੂੰ ਕੌਮੀ ਘੱਟੋ ਘੱਟ ਉਜਰਤ ਹੈਲਪਲਾਈਨ ਨੂੰ **0845 6000 678** 'ਤੇ ਫ਼ੋਨ ਕਰਨਾ ਚਾਹੀਦਾ ਹੈ।

ਉਹ ਤੁਹਾਨੂੰ ਇਹ ਚੈੱਕ ਕਰਨ ਵਿੱਚ ਮਦਦ ਦੇਣਗੇ ਕਿ ਕੀ ਤੁਹਾਨੂੰ ਕਾਫ਼ੀ ਉਜਰਤ ਮਿਲ ਰਹੀ ਹੈ। ਜੇ ਤੁਹਾਨੂੰ ਸਹੀ ਰਕਮ ਨਹੀਂ ਮਿਲ ਰਹੀ, ਤਾਂ ਉਹ ਤੁਹਾਨੂੰ ਬਣਦੀ ਰਕਮ ਹਾਸਲ ਕਰਨ ਵਿੱਚ ਮਦਦ ਦੇ ਸਕਦੇ ਹਨ। ਜੇ ਤੁਹਾਡਾ ਰੋਜ਼ਗਾਰ ਪ੍ਰਦਾਤਾ ਤੁਹਾਨੂੰ ਕਾਫ਼ੀ ਉਜਰਤ ਨਹੀਂ ਦੇ ਰਿਹਾ, ਤਾਂ ਉਸ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ, ਅਤੇ ਨਾਲ ਤੁਹਾਨੂੰ ਦੇਣੀ ਬਣਦੀ ਰਕਮ ਅਦਾ ਕਰਨ ਲਈ ਕਿਹਾ ਜਾ ਸਕਦਾ ਹੈ।

ਤੁਸੀਂ ਜੇ ਚਾਹੋ ਤਾਂ ਹੈਲਪਲਾਈਨ ਕੋਲ ਆਪਣਾ ਨਾਂਅ ਦੱਸੇ ਬਿਨਾਂ ਸ਼ਿਕਾਇਤ ਕਰ ਸਕਦੇ ਹੋ।

## ਘੱਟੋ ਘੱਟ ਉਜਰਤ ਬਾਰੇ ਸਲਾਹ ਜਾਂ ਹੋਰ ਜਾਣਕਾਰੀ ਹਾਸਲ ਕਰਨ ਵਾਸਤੇ

- **www.direct.gov.uk/nmw** ਦੇਖੋ
- **nmw@hmrc.gov.uk** 'ਤੇ ਈ-ਮੇਲ ਕਰੋ
- ਕੌਮੀ ਘੱਟੋ ਘੱਟ ਉਜਰਤ ਹੈਲਪਲਾਈਨ ਨੂੰ **0845 6000 678** 'ਤੇ ਫ਼ੋਨ ਕਰੋ। ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9 ਤੋਂ ਸ਼ਾਮ 5 ਵਜੇ ਤਕ। ਇਨ੍ਹਾਂ ਕਾੱਲਾਂ 'ਤੇ ਸਥਾਨਕ ਦਰ ਲਾਗੂ ਹੁੰਦੀ ਹੈ। ਹੈਲਪਲਾਈਨ, 100 ਤੋਂ ਵੱਧ ਭਾਸ਼ਾਵਾਂ ਵਿੱਚ ਕਾੱਲਾਂ ਲੈ ਸਕਦੀ ਹੈ। ਸਾਡੀ ਸੇਵਾ ਦੀ ਕੁਆਲਿਟੀ ਨੂੰ ਬਿਹਤਰ ਬਣਾਉਣ ਵਿੱਚ ਮਦਦ ਲਈ ਤੁਹਾਡੀਆਂ ਕਾੱਲਾਂ ਮਾਨਿਟਰ ਜਾਂ ਰਿਕਾਰਡ

ਕੀਤੀਆਂ ਜਾ ਸਕਦੀਆਂ ਹਨ। ਇਹ ਸਿਰਫ਼ ਅੰਦਰੂਨੀ ਟਰੇਨਿੰਗ ਦੇ ਮੰਤਵਾਂ ਲਈ ਹੈ।

- ਇਸ ਪਤੇ ’ਤੇ ਪੱਤਰ ਲਿਖੋ, **National Minimum Wage Enquiries, Freepost PHQ1, Newcastle Upon Tyne, NE98 1ZH**



ਜੇ ਤੁਹਾਡੇ ਖ਼ਿਆਲ ਵਿੱਚ ਤੁਹਾਨੂੰ ਘੱਟੋ ਘੱਟ ਉਜਰਤ ਨਹੀਂ ਦਿੱਤੀ ਜਾ ਰਹੀ, ਤਾਂ ਸ਼ਿਕਾਇਤ ਕਰਨ ਲਈ

- ਕੌਮੀ ਘੱਟੋ ਘੱਟ ਉਜਰਤ ਹੈਲਪਲਾਈਨ ਨੂੰ **0845 6000 678** ’ਤੇ ਫ਼ੋਨ ਕਰੋ

- **www.hmrc.gov.uk/nmw/complaint.htm** ’ਤੇ ਆੱਨਲਾਈਨ ਸ਼ਿਕਾਇਤ ਫ਼ਾਰਮ ਭਰੋ। ਇੱਕ ਅਧਿਕਾਰੀ ਤੁਹਾਡੇ ਨਾਲ ਸੰਪਰਕ ਕਰੇਗਾ।

- ਇਸ ਪਤੇ ’ਤੇ ਪੱਤਰ ਲਿਖੋ, National Minimum Wage Enquiries, Freepost PHQ1, Newcastle Upon Tyne, NE98 1ZH. ਇੱਕ ਅਧਿਕਾਰੀ ਤੁਹਾਡੇ ਨਾਲ ਸੰਪਰਕ ਕਰੇਗਾ। ਤੁਸੀਂ **0845 015 0010** ’ਤੇ ਫ਼ੋਨ ਕਰਕੇ ਅਤੇ URN 07/1610 ਦਾ ਹਵਾਲਾ ਦੇ ਕੇ ਜਾਂ **www.berr.gov.uk/publications** ਤੋਂ ਸ਼ਿਕਾਇਤ ਫ਼ਾਰਮ ਪ੍ਰਾਪਤ ਕਰ ਸਕਦੇ ਹੋ

ਜੇ ਚਾਹੋ, ਤਾਂ ਤੁਸੀਂ ਹੈਲਪਲਾਈਨ ਕੋਲ ਆਪਣਾ ਨਾਂਅ ਦੱਸੇ ਬਿਨਾਂ ਸ਼ਿਕਾਇਤ ਕਰ ਸਕਦੇ ਹੋ।

## ਕੀ ਏਜੰਸੀ ਵਰਕਰ ਕੌਮੀ ਘੱਟੋ ਘੱਟ ਉਜਰਤ ਦੇ ਹੱਕਦਾਰ ਹਨ ?

ਏਜੰਸੀ ਵਰਕਰ ਕੌਮੀ ਘੱਟੋ ਘੱਟ ਉਜਰਤ ਅਤੇ ਕੰਮ ਦੌਰਾਨ ਹੋਰ ਅਧਿਕਾਰਾਂ ਦੇ ਹੱਕਦਾਰ ਹਨ।

ਰੋਜ਼ਗਾਰ ਏਜੰਸੀਆਂ ਦੇ ਕੰਮ ਕਰਨ ਦੇ ਢੰਗ ਬਾਰੇ ਵੀ ਕਾਨੂੰਨ ਹਨ। ਰੋਜ਼ਗਾਰ ਏਜੰਸੀਆਂ ਸੰਬੰਧੀ ਕਾਨੂੰਨ ਐਂਪਲਾਇਮੈਂਟ ਏਜੰਸੀ ਸਟੈਂਡਰਡਸ ਇੰਸਪੈਕਟੋਰੇਟ [Employment Agency Standards (EAS) Inspectorate]



ਵਲੋਂ ਲਾਗੂ ਕੀਤਾ ਜਾਂਦਾ ਹੈ। EAS inspectorate ਏਜੰਸੀਆਂ ਨਾਲ ਸੰਬੰਧਤ ਸਾਰੀਆਂ ਸ਼ਿਕਾਇਤਾਂ ਦੀ ਘੋਖ ਕਰਦਾ ਹੈ।

ਰੋਜ਼ਗਾਰ ਏਜੰਸੀ ਮਿਆਰਾਂ ਦੇ ਸੰਬੰਧ ਵਿੱਚ ਸਲਾਹ ਲਈ ਜਾਂ ਹੋਰ ਜਾਣਕਾਰੀ ਲਈ

- **www.direct.gov.uk/agencyworkers** ਦੇਖੋ
- **EAS** ਹੈਲਪਲਾਈਨ ਨੂੰ ਸੋਮਵਾਰ ਤੋਂ ਸ਼ੁਕਰਵਾਰ ਤਕ ਸਵੇਰੇ **9.30** ਤੋਂ ਸ਼ਾਮ **4.30** ਦੇ ਦੌਰਾਨ **0845 955 5105** 'ਤੇ ਫ਼ੋਨ ਕਰੋ।

## ਕੰਮ ਦੌਰਾਨ ਹੋਰ ਅਧਿਕਾਰ

ਯੂ.ਕੇ. ਵਿੱਚ ਵਰਕਰਾਂ ਨੂੰ ਕਾਰਜ ਸਥਾਨ 'ਤੇ ਕਈ ਇੱਕ ਬੁਨਿਆਦੀ ਅਧਿਕਾਰ ਅਤੇ ਹਿਫ਼ਾਜ਼ਤਾਂ ਦਾ ਲਾਭ ਪ੍ਰਾਪਤ ਹੈ। ਇਨ੍ਹਾਂ ਵਿੱਚ ਸ਼ਾਮਲ ਹਨ, ਤਨਖ਼ਾਹ ਸਹਿਤ ਛੁੱਟੀ, ਕੰਮ ਦੇ ਘੰਟਿਆਂ ਦੀਆਂ ਸੀਮਾਵਾਂ, ਵਿਤਕਰੇ ਤੋਂ ਬਚਾਅ ਅਤੇ ਕੰਮ ਕਰਨ ਲਈ ਇੱਕ ਸੁਰੱਖਿਅਤ ਅਤੇ ਨਰੋਆ ਮਾਹੌਲ।

ਕੰਮ ਦੌਰਾਨ ਹੋਰ ਹਿਫ਼ਾਜ਼ਤਾਂ ਦੇ ਸੰਬੰਧ ਵਿੱਚ ਸਲਾਹ ਲਈ ਜਾਂ ਵਧੀਕ ਜਾਣਕਾਰੀ ਲਈ

- **www.direct.gov.uk/employees** ਦੇਖੋ
- Acas ਨੂੰ **08457 47 47 47** 'ਤੇ ਫ਼ੋਨ ਕਰੋ

ਜੇ ਅੰਗੇਰਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਤਾਂ ਤੁਹਾਨੂੰ ਇਹ ਲੀਫ਼ਲੈੱਟ ਹੋਰ ਭਾਸ਼ਾਵਾਂ ਵਿੱਚ ਮਿਲ ਸਕਦਾ ਹੈ। ਦੇਖੋ **www.berr.gov.uk/publications** ਜਾਂ **0845 015 0010** 'ਤੇ ਫ਼ੋਨ ਕਰੋ।

ਇਸ ਲੀਫ਼ਲੈੱਟ ਵਿੱਚ ਦਿੱਤੀ ਗਈ ਜਾਣਕਾਰੀ ਦਾ ਉਦੇਸ਼ ਕੇਵਲ ਆਮ ਮਾਰਗਦਰਸ਼ਨ ਪ੍ਰਦਾਨ ਕਰਨਾ ਹੈ। ਇਸ ਨੂੰ ਕਾਨੂੰਨ ਦਾ ਇੱਕ ਮੁਕੰਮਲ ਅਤੇ ਅਧਿਕਾਰਤ ਬਿਆਨ ਨਹੀਂ ਸਮਝਿਆ ਜਾਣਾ ਚਾਹੀਦਾ।

This guide has been produced in association with
Her Majesty's Revenue and Customs

Printed in the UK on recycled paper containing a
minimum of 75% post consumer waste.

Department for Business, Enterprise & Regulatory Reform
www.berr.gov.uk

First published December 2007. Crown Copyright.
BERR/Pub 8667/200k/12/07/NP. URN 07/1641